ਸ਼ਨਿੱਚਰਵਾਰ
16, ਜਨਵਰੀ 2010
4 ਮਾਘ , ਨਾਨਕਸ਼ਾਹੀ 541
ਜਲੰਧਰ
ਅੰਕ ਨੰ. 277, ਸਾਲ 25
Postal Regd. No.
PB/0007/09-2011

# ਅੱਜ ਦੀ ਆਵਾਜ਼

ਕੀਮਤ 2 ਰੁਪਏ

www.ajdiawaaz.com ਪੰਜਾਬ ਦੀ ਉਮੀਦ info@ajdiawaaz.com

**ਵਰਲਡ ਟੂਡੇ ਪ੍ਰੋਡਕਸ਼ਨਜ਼ ਵੱਲੋਂ 3 ਟੈਲੀ ਫ਼ਿਲਮਾਂ ਬਣਾਉਣ ਦਾ ਐਲਾਨ**
ਯੇਹ ਵਾਅਦਾ ਰਹਾ, ਨੌ ਦੋ ਗਿਆਰਾਂ, ਦਿਸ ਕ੍ਰਾਈਮ
ਪ੍ਰੋਡਿਊਸਰ, ਨਿਰਦੇਸ਼ਕ ਲੇਖਕ ਸੰਪਾਦਕ-ਅਬਦੁਲ ਰਹਿਮਾਨ ਖਾਂ ਨਿਰਦੇਸ਼ਕ-ਪਰਮਜੀਤ ਪਰਮ, ਕਾਰਜਕਾਰੀ ਨਿਰਦੇਸ਼ਕ ਓਮ ਕਲੱਹਣ, ਦਲਜੀਤ ਸਿੰਘ, ਸਿਤਾਰੇ - ਓਮ ਕਲਹਣ, ਅਬਦੁਲ ਰਹਿਮਾਨ, ਅਲਕਾ, ਸ਼ਾਮ ਅਰੋੜਾ, ਦਲਜੀਤ ਸਿੰਘ, ਰਾਹੁਲ ਚੌਹਾਨ, ਸੰਦੀਪ ਕੌਰ, ਮਨਜੀਤ ਬਲ, ਪ੍ਰਦੀਪ ਕੁਮਾਰ, ਨਰਿੰਦਰ ਕੁਮਾਰ, ਨਰਿੰਦਰ ਨੰਦੂ, ਬਲਦੇਵ ਮਾਹੀ, ਮਨਜੀਤ ਕੌਰ, ਮਿਨਾਕਸੀ, ਡਾ. ਸਫਰੀ।
ਦਫ਼ਤਰ ਅੰਮ੍ਰਿਤਸਰ 96462-56894


ਸ਼ਹਿਰ ਤੇ ਆਸ-ਪਾਸ — ਬੱਸ ਪਲਟੀ, 20 ਤੋਂ ਵੱਧ ਜ਼ਖ਼ਮੀ 3
ਸੰਪਾਦਕੀ — ਸਕੂਲੀ ਬੱਚਿਆਂ ਦੇ ਬਸਤਿਆਂ ਦਾ ਬੋਝ 4
ਦੇਸ਼ ਦੁਨੀਆਂ — ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਬਰਸੀ 8

## ਪ੍ਰਧਾਨ ਮੰਤਰੀ ਅਸਟਰੇਲੀਆ 'ਚ ਪੰਜਾਬੀਆਂ, ਗੁਰਦੁਆਰਿਆਂ ਦੀ ਸੁਰੱਖਿਆ ਯਕੀਨੀ ਬਨਾਉਣ-ਬਾਦਲ

### ਬਾਦਲ ਵਲੋਂ ਕੇਂਦਰ ਪ੍ਰਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਮੌਜੂਦਾ ਪ੍ਰਸ਼ਾਸਿਨਕ ਢਾਂਚੇ 'ਚ ਸੋਧ ਨਾ ਕਰਨ ਸਬੰਧੀ ਪ੍ਰਧਾਨ ਮੰਤਰੀ ਨੂੰ ਪੱਤਰ

ਚੰਡੀਗੜ੍ਹ, 15 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ) ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅਸਟਰੇਲੀਆਂ ਵਿੱਚ ਪੰਜਾਬੀ ਵਰਗ ਅਤੇ ਧਰਮ ਅਸਥਾਂਨਾ ਦੀ ਸੁਰੱਖਿਆ ਨੂੰ ਯਕੀਨੀ ਬਨਾਉਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ। ਇੱਕ ਪੱਤਰ ਰਾਹੀਂ ਮੁੱਖ ਮੰਤਰੀ ਨੇ ਡਾ. ਮਨਮੋਹਨ ਸਿੰਘ ਦਾ ਧਿਆਨ ਅਸਟਰੇਲੀਆ ਵਿੱਚ ਮੈਲਬੋਰਨ ਵਿਖੇ 12 ਅਤੇ 13 ਜਨਵਰੀ 2010 ਦੀ ਰਾਤ ਨੂੰ ਉਸਾਰੀ ਅਧੀਨ ਗੁਰਦੁਆਰੇ ਨੂੰ ਅੱਗ ਲਗਾਉਣ ਦੀ ਘਟਨਾ ਵੱਲ ਦਿਵਾਉਂਦੇ ਹੋਏ ਅਸਟਰੇਲੀਆ ਵਿੱਚ ਪੰਜਾਬੀ ਵਰਗ ਦੇ ਮੈਬਰਾਂ ਵਿਰੁੱਧ ਨਸਲੀ ਵਿਤਕਰੇ ਸਬੰਧੀ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨਾਂ ਕਿਹਾ ਕਿ ਅਸਟਰੇਲੀਆ ਸਰਕਾਰ ਅਤੇ ਭਾਰਤ ਵਿਚਲੇ ਅਸਟਰੇਲੀਆ ਰਾਜਦੂਤ ਵਲੋਂ ਦਿੱਤੇ ਭਰੋਸਿਆਂ ਦੇ ਬਾਵਜੂਦ ਕੋਈ ਵੀ ਸਕਾਰਆਤਮਿਕ ਨਤੀਜਾ ਸਾਹਮਣੇ ਨਹੀਂ ਆਇਆ ਬਲਕਿ ਦਿਨ ਪ੍ਰਤੀ ਦਿਨ ਵਿਗੜਦੀ ਹੀ ਜਾ ਰਹੀ ਹੈ ਜਿਸ ਨਾਲ ਪੰਜਾਬੀਆਂ ਦਰਮਿਆਨ ਅਸੁਰੱਖਿਆ ਅਤੇ ਗੁੱਸੇ ਦੀ ਲਹਿਰ ਪੈਦਾ ਹੋ ਰਹੀ ਹੈ। ਮੁੱਖ ਮੰਤਰੀ ਨੇ ਪੱਤਰ ਵਿੱਚ ਇਹ ਵੀ ਦੱਸਿਆ ਹੈ ਕਿ ਅਸਟਰੇਲੀਆ ਸਰਕਾਰ ਪੰਜਾਬ ਲੋਂ ਅਸਟਰੇਲੀਆ ਦੀ ਆਰਥਿਕਤਾ ਦੇ ਵਾਧੇ ਵਿੱਚ ਅਥਾਹ ਪਾਏ ਯੋਗਦਾਨ ਤੋਂ ਭਲੀ ਭਾਂਤ ਜਾਣੂੰ ਹੈ। ਉਨਾਂ ਕਿਹਾ ਕਿ ਜੇ ਅਜਿਹੀਆਂ ਘਟਨਾਵਾਂ ਜਾਰੀ ਰਹੀਆਂ ਤਾਂ ਪੰਜਾਬ ਵਿੱਚ ਇਨਾਂ ਘਟਨਾਂਵਾਂ ਦਾ ਘਾਤਕ ਅਸਰ ਹੋ ਸਕਦਾ ਹੈ। ਸ. ਬਾਦਲ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਵਿਦੇਸ਼ੀ ਮਾਮਲੇ ਮੰਤਰੀ ਨੂੰ ਸਥਿਤੀ ਦੀ ਨਿਗਰਾਨੀ ਅਤੇ (ਬਾਕੀ ਸਫਾ 2 'ਤੇ)

## ਡਾ. ਮਨਮੋਹਨ ਸਿੰਘ, ਬਾਦਲ ਤੇ ਮੱਕੜ ਸਿੱਖਾਂ ਦੀ ਰਾਖੀ ਦੇ ਹੱਕਾਂ ਲਈ ਗੰਭੀਰ ਨਹੀਂ-ਮਾਨ ਦਲ

ਫਤਿਹਗੜ੍ਹ ਸਾਹਿਬ, 15 ਜਨਵਰੀ (ਪੱਤਰ ਪ੍ਰੇਰਕ) ਆਸਟ੍ਰੇਲੀਆ ਤੇ ਹੋਰ ਕਈ ਮੁਲਕਾਂ ਵਿੱਚ ਉੱਥੇ ਦੇ ਬਸਿੰਦਿਆਂ ਵੱਲੋਂ ਉਨ੍ਹਾਂ ਮੁਲਕਾਂ ਵਿੱਚ ਪੜ੍ਹ ਰਹੇ ਪੰਜਾਬੀ ਸਿੱਖ ਵਿਦਿਆਰਥੀਆਂ ਅਤੇ ਕਈ ਕੰਮ ਕਰਨ ਵਾਲੇ ਸਿੱਖਾਂ ਉੱਤੇ ਜਾਨਲੇਵਾ ਹਮਲੇ ਲੰਮੇ ਸਮੇਂ ਤੋਂ ਨਿਰੰਤਰ ਹੁੰਦੇ ਆ ਰਹੇ ਹਨ। ਜੋ ਕਿ ਕੌਮਾਂਤਰੀ ਮਨੁੱਖੀ ਅਧਿਕਾਰਾਂ ਤੇ ਇਨਸਾਨੀਅਤ ਕਦਰਾਂ-ਕੀਮਤਾਂ ਦਾ ਕਤਲ ਕਰਨ ਤੇ ਤੁੱਲ ਕਾਰਵਾਈ ਹੈ। ਉੱਥੋਂ ਦੀਆਂ ਸਰਕਾਰਾਂ ਵੱਲੋਂ ਸਿੱਖ ਵਿਦਿਆਰਥੀਆਂ ਤੇ ਉਨ੍ਹਾਂ ਮੁਲਕਾਂ ਵਿੱਚ ਸਥਿ ਗੁਰੂ ਘਰਾਂ ਉੱਤੇ ਹੋਣ ਵਾਲੇ ਹਮਲਿਆਂ ਨੂੰ ਰੋਕਣ ਲਈ ਕੋਈ ਵੀ ਉਚੇਚਾ ਉਦਮ ਨਹੀਂ ਕੀਤਾ ਜਾ ਰਿਹਾ, ਜੋ ਗਹਿਰੀ ਚਿੰਤਾ ਦਾ ਵਿਸ਼ਾ ਹੈ। ਇੱਥੋਂ ਤੱਕ ਹਿੰਦ ਦੇ ਵਜੀਰ ਏ ਆਜਿਮ ਡਾ. ਮਨਮੋਹਨ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਤੇ ਸ੍ਰੀ ਅਵਤਾਰ (ਬਾਕੀ ਸਫਾ 2 'ਤੇ)

## ਭਾਰਤੀ ਟੈਕਸੀ ਡਰਾਈਵਰ 'ਤੇ ਹਮਲਾ ਕਰਨ ਵਾਲੇ ਨੂੰ ਸਜ਼ਾ

ਮੈਲਬੌਰਨ, 15 ਜਨਵਰੀ (ਵਿਸ਼ਵ ਵਾਰਤਾ)-ਆਸਟ੍ਰੇਲੀਆ ਵਿਚ ਭਾਰਤੀ ਟੈਕਸੀ ਡਰਾਈਵਰ 'ਤੇ ਹਮਲਾ ਕਰਨ ਵਾਲੇ 48 ਸਾਲਾ ਵਿਅਕਤੀ ਨੂੰ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਮੈਜਿਸਟ੍ਰੇਟ ਮਿਸ਼ੇਲ ਹਾਗਸਨ ਨੇ ਭਾਰਤੀ ਕੈਬੀ 'ਤੇ ਇਤਰਾਜ਼ਜਨਕ ਟਿਪਣੀ ਅਤੇ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ ਪਾਲ ਜਾਨ ਬ੍ਰਾਗਡਨ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਉਸ ਨੂੰ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਹੈ। ਵਰਣਨਯੋਗ ਹੈ ਕਿ ਵਿਕਟੋਰੀਆ ਦੇ ਬਲਾਰਾਤ ਸ਼ਹਿਰ ਵਿਚ ਇਕ ਯਾਤਰੀ ਨੇ 24 ਸਾਲਾ ਭਾਰਤੀ ਡਰਾਈਵਰ ਸਥੀਸ਼ ਥਾਤੀਪਾਮੁਲਾ ਦੇ ਨਾਲ ਕਥਿਤ ਤੌਰ 'ਤੇ ਇਤਰਾਜ਼ਜਨਕ ਸ਼ਬਦ ਬੋਲੇ ਅਤੇ ਉਸ 'ਤੇ ਹਮਲਾ ਕੀਤਾ ਸੀ। ਇਥੋਂ ਤੱਕ ਕਿ ਡਰਾਈਵਰ ਦੀ ਗੱਡੀ ਨੂੰ ਵੀ ਨੁਕਸਾਨ ਪਹੁੰਚਾਇਆ ਸੀ। ਕੱਲ੍ਹ ਰਾਤ ਡਰਾਈਵਰ 'ਤੇ ਹਮਲਾ ਕੀਤੇ ਜਾਣ ਤੋਂ ਬਾਅਦ 48 ਸਾਲ ਦੇ ਉਸ ਯਾਤਰੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

## ਪੰਜਾਬ ਨੇ ਇੱਕ ਹੋਰ ਰਿਕਾਰਡ ਤੋੜਿਆ-ਸੁਖਬੀਰ

### 8000 ਕਰੋੜ ਰੁਪਏ ਦੀ ਰਿਕਾਰਡ ਵੈਟ ਵਸੂਲੀ ਨਾਲ ਪੰਜਾਬ ਦੀ ਦੇਸ਼ ਅੰਦਰ ਮਾਲੀਆ ਪ੍ਰਗਤੀ ਵਿੱਚ ਪਹਿਲੇ ਨੰਬਰ ਵੱਲ ਜ਼ੋਰਦਾਰ ਪੇਸ਼ਕਦਮੀ

ਚੰਡੀਗੜ੍ਹ 15 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ) ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰ:ਸੁਖਬੀਰ ਸਿੰਘ ਬਾਦਲ ਨੇ ਅੱਜ ਇਥੇ ਕਿਹਾ ਕਿ ਵੈਟ ਅਤੇ ਆਬਕਾਰੀ ਕਰ ਦੀ ਵਸੂਲੀ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਾਧਾ ਦਰਜ਼ ਕਰਦਿਆਂ ਪੰਜਾਬ ਵਿਸ਼ਵ ਵਿਆਪੀ ਆਰਥਕ ਮੰਦਵਾੜੇ ਨੂੰ ਪਛਾੜਨ ਵਾਲਾ ਦੇਸ਼ ਦਾ ਇਕਲੋਤਾ ਰਾਜ ਬਣ ਗਿਆ ਹੈ। ਅੱਜ ਇਥੇ ਸ਼੍ਰੀ ਰਵੀਕਰਨ ਸਿੰਘ ਕਾਹਲੋ ਦੀ ਪੰਜਾਬ ਰਾਜ ਟਿਊਬਵੈਲ ਨਿਗਮ ਅਤੇ ਭਾਈ ਮਨਜੀਤ ਸਿੰਘ ਦੀ ਪੰਜਾਬ ਊਰਜਾ ਵਿਕਾਸ ਅਥਾਰਟੀ ਦੇ ਚੈਅਰਮੈਨਾਂ ਵਜੋ ਤਾਜ਼ਪੋਸ਼ੀ ਉਪਰੰਤ ਪੱਤਰਕਾਰਾ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਸ੍ਰ:ਬਾਦਲ ਨੇ ਕਿਹਾ ਕਿ ਇਹ ਕਰ ਢਾਚੇ ਨੂੰ ਤਰਕ ਸੰਗਤ ਬਨਾਉਣ ਅਤੇ ਕਰ ਚੋਰੀ ਨੂੰ ਅਸਰਦਾਰ ਢੰਗ ਨਾਲ ਰੋਕਣ ਨਾਲ ਸੰਭਵ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਵਰ੍ਹੇਂ ਦੇ ਅੰਤ ਤੱਕ 8000 ਕਰੋੜ ਰੁਪਏ ਦੀ ਵੈਟ ਵਸੂਲੀ ਦਰਜ਼ ਕਰਨ ਨਾਲ ਪੰਜਾਬ ਪਿਛਲੇ ਸਾਲ ਦੀ ਵਸੂਲੀ ਵਿੱਚ 1000 ਕਰੋੜ ਰੁਪਏ ਦਾ ਰਿਕਾਰਡ ਵਾਧਾ ਦਰਜ਼ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਮਾਰਚ 2011 ਤੱਕ 11000 ਕਰੋੜ ਰੁਪਏ ਦੀ ਵੈਟ ਵਸੂਲੀ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਥੇ 62 ਸਾਲਾ ਦੌਰਾਨ ਪੰਜਾਬ ਦੀ ਕਰ ਵਸੂਲੀ 5000 ਕਰੋੜ ਰੁਪਏ ਤੱਕ ਪਹੁੰਚੀ ਸੀ ਉਥੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਸਰਕਾਰ ਵਲੋਂ 4 ਸਾਲਾ ਦੌਰਾਨ ਹੀ ਇਸ ਨੂੰ ਦੁੱਗਣੇ ਤੋਂ ਵੀ ਵੱਧ ਕਰ ਦਿੱਤਾ ਜਾਵੇਗਾ। ਸ੍ਰ:ਬਾਦਲ ਨੇ ਧਿਆਨ ਦਿਵਾਇਆ ਕਿ ਆਬਕਾਰੀ ਕਰ ਦੀ ਵਸੂਲੀ ਵਿੱਚ ਮੌਜੂਦਾ ਪੰਜਾਬ ਸਰਕਾਰ ਨੇ 500 ਤੋਂ ਵੀ ਵੱਧ ਕਰੋੜ ਦਾ ਵਾਧਾ ਦਰਜ਼ ਕੀਤਾ ਹੈ ਜਦੋਂ ਕਿ ਪਿਛਲੀ ਕਾਂਗਰਸ ਸਰਕਾਰ ਨੇ ਆਪਣੇ 5 ਸਾਲਾ ਕਾਰਜ਼ਕਾਲ ਦੌਰਾਨ ਸਿਰਫ਼ 150 ਕਰੋੜ ਰੁਪਏ ਦਾ ਹੀ ਵਾਧਾ ਦਰਜ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਮਾਲੀਆ ਵਸੂਲੀ ਵਿਵਸਥਾ ਨੂੰ ਚੁਸਤ ਦਰੁਸਤ ਬਨਾਉਂਦਿਆਂ ਰਾਜ ਦੀ ਮਾਲੀ ਵਸੂਲੀ ਨੂੰ ਵਧਾਉਣ ਲਈ ਇਸ ਦੀ ਕਿਸੇ ਵੀ ਤਰ੍ਹਾਂ ਦੀ ਚੋਰੀ ਨੂੰ ਬੰਦ ਕਰਨ ਲਈ ਨਿਰੰਤਰ ਯਤਨ ਕਰ ਰਹੀ ਹੈ। 2 ਮੈਂਬਰੀ ਕਮੇਟੀ ਦੀ ਰਿਪੋਰਟ ਬਾਰੇ ਪੁਛੇ ਜਾਣ ਤੇ ਸ੍ਰ:ਬਾਦਲ ਨੇ ਕਿਹਾ ਕਿ ਇਹ ਇਕ ਵੱਡਾ ਟੀਚਾ ਸੀ ਕਿਉਂਕਿ ਹਰ ਵਿਭਾਗ ਤੋਂ ਅੰਕੜੇ ਲੈ ਕੇ ਉਨ੍ਹਾਂ ਦੇ ਅਧਿਐਨ ਉਪਰੰਤ ਸੁਝਾਅ ਦਿੱਤੇ ਜਾਣੇ ਸਨ ਅਤੇ ਇਸ ਦਾ ਇਕਲੋਤਾ ਮਕਸਦ ਰਾਜ ਦੇ ਮਾਲੀਏ ਨੂੰ ਵਧਾਉਣਾ ਹੈ ਅਤੇ ਇਹ ਕਮੇਟੀ ਆਪਣੀ ਰਿਪੋਰਟ ਇਸੇ ਮਹੀਨੇ ਦੇ ਵਿੱਚ ਹੀ ਪੇਸ਼ ਕਰ ਦੇਵੇਗੀ। ਸ੍ਰ:ਬਾਦਲ ਨੇ ਕਿਹਾ ਕਿ ਪੰਜਾਬ ਰਾਜ ਬਿਜ਼ਲੀ ਬੋਰਡ ਨੂੰ ਘਰੇਲੂ ਅਤੇ ਸਨਅਤੀ ਖਪੱਤਕਾਰਾਂ ਨੂੰ ਦਿੱਤੀ ਗਈ ਰਾਹਤ ਦੀ ਪੂਰਤੀ ਅਗਲੇ ਵਿੱਤੀ ਵਰ੍ਹੇ ਦੇ ਆਰੰਭ ਵਿੱਚ ਹੀ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਿਸ਼ਨ ਬਿਜ਼ਲੀ ਬੋਰਡ ਨੂੰ ਉਸ ਦੇ ਬਿਜ਼ਲੀ ਖ਼੍ਰੀਦ ਮੂਲ ਨੂੰ ਘਟਾ ਕੇ ਮਾਲੀ ਤੌਰ ਤੇ ਸਮਰਥ ਬਨਾਉਣਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਨੇ ਅਤੀ ਮਹਿੰਗੀਆਂ ਦਰ੍ਹਾਂ ਤੇ ਬਿਜ਼ਲੀ ਖ਼੍ਰੀਦ ਕੇ (ਬਾਕੀ ਸਫਾ 2 'ਤੇ)

## ਕੈਪਟਨ ਅਮਰਿੰਦਰ ਸਿੰਘ ਫਿਰ ਗੈਰ-ਹਾਜ਼ਰ

ਚੰਡੀਗੜ੍ਹ, 15 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਅੱਜ ਜਿਹੜੀ ਇੱਥੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਆਕਸਰ ਫਰਨਾਡੇਸ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਨੇਤਾਵਾਂ ਦੀ ਬੈਠਕ ਸੱਦੀ ਗਈ। ਉਸ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਫਿਰ ਗੈਰ ਹਾਜ਼ਰ ਰਹੇ। ਆਸਕਰ ਫਰਨਾਡੇਸ ਆਪਣੀ ਮੀਟਿੰਗ ਕਰਕੇ ਚਲੇ ਗਏ। ਮੀਡੀਆ ਤੱਕ ਨੂੰ ਨਹੀਂ ਮਿਲੇ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਦੱਸਿਆ ਕਿ ਇਹ ਗੱਲ ਠੀਕ ਹੈ ਕਿ ਕੈਪਟਨ ਅਮਰਿੰਦਰ ਸਿੰਘ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਜਦੋਂ ਪੁੱਛਿਆ ਗਿਆ ਤਾਂ ਉਹ ਮਾਘੀ ਦੇ ਮੇਲੇ ਮੁਕਤਸਰ ਵਿੱਚ ਰੱਖੀ ਕਾਨਫਰੰਸ ਅਤੇ ਫਤਿਹਗੜ੍ਹ ਸਾਹਿਬ ਵਿੱਚ ਸ਼ਹੀਦੀ ਜੋੜ ਮੇਲੇ 'ਤੇ ਆਯੋਜਿਤ ਕਾਨਫਰੰਸਾਂ ਵਿੱਚ ਸ਼ਾਮਲ ਨਹੀਂ ਹੋਏ ਤਾਂ ਕੇ.ਪੀ. ਨੇ ਕਿਹਾ ਕਿ ਹੋਰ ਨੇਤਾ ਹਾਜ਼ਰ ਸਨ, ਕੈਪਟਨ ਕਿਸੇ (ਬਾਕੀ ਸਫਾ 2 'ਤੇ)

## ਪੰਜਵੀਂ ਜਮਾਤ ਦੀ ਬੋਰਡ ਪ੍ਰੀਖਿਆ ਨਹੀਂ ਹੋਵੇਗੀ

ਚੰਡੀਗੜ੍ਹ 15 ਜਨਵਰੀ (ਹਰੀਸ ਚੰਦਰ ਬਾਗਾਵਾਲਾ)- ਪੰਜਾਬ ਸਰਕਾਰ ਨੇ ਪੰਜਵੀਂ ਜਮਾਤ ਦਾ ਇਮਤਿਹਾਨ ਖ਼ਤਮ ਕਰਨ ਦਾ ਸਿਧਾਂਤਿਕ ਤੌਰ ਤੇ ਫੈਸਲਾ ਲੈ ਲਿਆ ਹੈ ਕਿਉਂਕਿ ਬੱਚਿਆਂ ਨੂੰ ਲਾਜ਼ਮੀ ਸਿੱਖਿਆ ਕਾਨੂੰਨ ਮੁਤਾਬਕ 14 ਸਾਲ ਤੱਕ ਦੀ ਉਮਰ ਦੇ ਬੱਚਿਆ ਦੀ ਕੋਈ ਪ੍ਰੀਖਿਆ ਨਹੀਂ ਹੋਵੇਗੀ ਭਾਵੇਂ ਕਿ ਹਾਲੇ ਤੱਕ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਤਾਰੀਖ ਨੋਟੀਫਾਈ ਨਹੀਂ ਹੋਈ । ਅੱਜ ਇਥੇ ਇਹ ਜਾਣਕਾਰੀ ਦਿੰਦਿਆਂ ਸਿੱਖਿਆ ਵਿਭਾਗ ਪੰਜਾਬ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਪੰਜਵੀਂ ਜਮਾਤ ਦਾ ਇਮਤਿਹਾਨ ਇਸ ਅਕੈਡਮਿਕ ਵਰ੍ਹੇ ਤੋਂ ਖ਼ਤਮ ਕਰਨ ਦਾ ਮੂਲ ਮਨੋਰਥ ਛੋਟੇ ਬੱਚਿਆਂ ਦੇ ਮਨਾਂ ਵਿਚੋਂ ਇਮਤਿਹਾਨ ਦਾ ਭੈਅ ਖਤਮ ਕਰਨਾ ਹੈ। ਇਸੇ ਮਕਸਦ ਨੂੰ ਮੁੱਖ ਰੱਖ ਕੇ ਕੇਂਦਰ ਵਲੋਂ ਲਾਜਮੀ ਸਿੱਖਿਆ ਕਾਨੂੰਨ ਪੂਰੇ ਦੇਸ਼ ਲਈ ਪਾਸ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਵੀਂ ਜਮਾਤ ਦੇ ਇਮਤਿਹਾਨ ਸਰਵ ਸਿੱਖਿਆ ਅਭਿਆਨ ਵਲੋਂ ਲਏ ਜਾਣਗੇ ਅਤੇ ਸਰਵ ਸਿੱਖਿਆ ਵਲੋਂ ਹੀ ਪੰਜਵੀਂ ਦੇ ਪਰਚੇ ਛਪਵਾਏ ਅਤੇ ਵੰਡੇ ਜਾਣਗੇ। ਇਸ ਮਕਸਦ ਲਈ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਤੋਂ 25/- ਰੁਪਏ ਪ੍ਰਤਿ ਬੱਚੇ ਦੇ ਹਿਸਾਬ ਨਾਲ ਫੀਸ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਦਫਤਰ ਵਿੱਚ ਜਮ੍ਹਾ ਕਰਵਾਈ (ਬਾਕੀ ਸਫਾ 2 'ਤੇ)

## ਕੈਨੇਡਾ ਸਰਕਾਰ ਪੰਜਾਬ ਨੂੰ ਸਿੱਖਿਆ ਖੇਤਰ 'ਚ ਮਦਦ ਲਈ ਤਿਆਰ-ਉੱਜਲ ਦੁਸਾਂਝ

ਚੰਡੀਗੜ੍ਹ 15 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਬ੍ਰਿਟਿਸ਼ ਕੋਲੰਬੀਆ(ਕੈਨੇਡਾ) ਤੋਂ ਮੈਂਬਰ ਪਾਰਲੀਮੈਂਟ ਸ੍ਰੀ ਉਜੱਲ ਦੁਸਾਂਝ ਨੇ ਅੱਜ ਇਥੇ ਪੰਜਾਬ ਦੇ ਮੁੱਖ ਮੰਤਰੀ ਸ੍ਰ: ਪਰਕਾਸ਼ ਸਿੰਘ ਬਾਦਲ ਨੂੰ ਉਘੇ ਪੰਜਾਬੀਆਂ ਅਤੇ ਕਨੇਡਾ ਦੇ ਅਧਿਆਪਕਾਂ ਦਾ ਇਕ ਸਾਂਝਾ ਵਫਦ ਭੇਜਣ ਦਾ ਭਰੋਸਾ ਦਿਵਾਇਆ ਹੈ ਤਾਂ ਜੋ ਸਾਡੇ ਅਧਿਆਪਕ ਅੰਗਰੇਜ਼ੀ ਵਿਸ਼ਾ ਪੜ੍ਹਾਉਣ ਦੀ ਹੋਰ ਮੁਹਾਰਤ ਹਾਸਲ ਕਰ ਸਕਣ ਅਤੇ ਇਹ ਵਿਸ਼ਵ ਪੱਧਰ ਉਤੇ ਮੁਕਾਬਲੇ ਲਈ ਸੁਧਾਰ ਹੋ ਸਕੇ। ਸ੍ਰੀ ਦੁਸਾਂਝ ਦੀ ਅੱਜ ਇਥੇ ਮੁੱਖ ਮੰਤਰੀ ਦੀ ਰਿਹਾਇਸ ਵਿਖੇ ਉਨ੍ਹਾਂ ਨਾਲ ਸਦਾਚਾਰ ਮਿਲਣੀ ਸੀ। ਉਨ੍ਹਾਂ ਸ੍ਰ: ਬਾਦਲ ਨੂੰ ਦੱਸਿਆ ਕਿ ਉਨ੍ਹਾਂ ਦੀ ਪਤਨੀ ਸ੍ਰੀਮਤੀ ਰਮਿੰਦਰ ਦੁਸਾਂਝ ਕਿੱਤੇ ਵਜੋਂ ਇਕ ਅਧਿਆਪਕ ਹੋਣ ਦੇ ਨਾਤੇ ਇਕ ਵੱਡਾ ਤਜਰਬਾ ਰੱਖਦੇ ਹਨ ਜਿਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਵੱਖ-ਵੱਖ ਉਘੀਆ ਵਿਦਿਅਕ ਸੰਸਥਾਵਾਂ ਵਿੱਚ ਵੱਖ-ਵੱਖ ਅਹੁੱਦਿਆਂ 'ਤੇ ਸੇਵਾ ਨਿਭਾਈ ਹੈ ਜੋ ਕਿ ਪੰਜਾਬ ਵਿੱਚ ਸਕੂਲ (ਬਾਕੀ ਸਫਾ 2 'ਤੇ)

## ਮੁੱਖ ਮੰਤਰੀ ਦੇ ਅਧਿਕਾਰੀ ਦੀ ਪਿਸਤੌਲ ਚੋਰੀ

ਮੋਗਾ, 15 ਜਨਵਰੀ (ਅ.ਬ.)-ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਇੱਕ ਸੁਰੱਖਿਆ ਅਧਿਕਾਰੀ ਦੀ ਪਿਸਤੌਲ ਚੋਰੀ ਹੋ ਗਈ ਹੈ। ਮੋਗਾ ਪੁਲਸ ਨੇ ਇਸ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪਿਸਤੌਲ ਮੁੱਖ ਮੰਤਰੀ ਦੀ ਸੁਰੱਖਿਆ ਲਈ ਤਾਇਨਾਤ ਇੱਕ ਸੀਨੀਅਰ ਪੁਲਿਸ ਅਧਿਕਾਰੀ ਦੀ ਹੈ। ਡੀ.ਐੱਸ.ਪੀ. ਰਾਮ ਪ੍ਰਕਾਸ਼ ਨੇ ਆਪਣੀ 9 ਐੱਮ.ਐੱਮ. ਦੀ ਪਿਸਤੌਲ ਚੋਰੀ ਹੋਣ ਦੀ ਸ਼ਿਕਾਇਤ ਦਰਜ ਕਰਾਈ ਹੈ। ਉਸ ਨੇ ਦੱਸਿਆ ਕਿ 30 ਕਾਰਤੂਸਾਂ ਦੇ ਨਾਲ ਇੱਕ ਬੈਗ ਵਿੱਚ ਰੱਖੀ ਉਸ ਦੀ ਪਿਸਤੌਲ ਸਰਕਾਰੀ ਗੱਡੀ ਵਿੱਚ ਪਈ ਸੀ। ਰਾਮ ਪ੍ਰਕਾਸ਼ ਉਸ ਵੇਲੇ ਡਿਊਟੀ 'ਤੇ ਸਨ। ਪੁਲਿਸ ਨੇ ਕੇਸ ਦਰਜ ਕਰਕੇ ਇਹ ਮਾਮਲਾ ਡੀ.ਆਈ.ਜੀ. ਸੁਰਖਿਆ (ਮੁੱਖ ਮੰਤਰੀ) ਦੇ ਧਿਆਨ ਵਿੱਚ ਲਿਆ ਦਿੱਤਾ ਹੈ।

## ਜੰਗੀ ਸ਼ਹੀਦਾਂ ਦੀਆਂ ਵਿਧਵਾਵਾਂ ਨੂੰ ਜ਼ਮੀਨ ਦੀ ਅਲਾਟਮੈਂਟ ਛੇਤੀ-ਸੇਖਵਾਂ

(ਫੋਟੋ : ਕੁਲਦੀਪ ਸਟੂਡੀਓ)

ਜਲੰਧਰ, 15 ਜਨਵਰੀ (ਮਲਕੀਤ ਸਿੰਘ ਬਰਾੜ)-ਚੀਨ ਅਤੇ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਦੇ ਜੰਗੀ ਸ਼ਹੀਦਾਂ ਦੀਆਂ ਵਿਧਵਾਵਾਂ ਨੂੰ ਜ਼ਮੀਨ ਅਲਾਟ ਕਰਨ ਦੇ ਪੈਂਡਿੰਗ ਪਏ 100 ਦੇ ਲਗਭਗ ਕੇਸਾਂ ਦਾ ਜਲਦੀ ਨਿਪਟਾਰਾ ਕਰਕੇ ਸ਼ਹੀਦਾਂ ਦੇ ਵਾਰਸਾਂ ਨੂੰ 10-10 ਏਕੜ ਜ਼ਮੀਨ ਦਾ ਇੱਕ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਇਨ੍ਹਾਂ (ਬਾਕੀ ਸਫਾ 2 'ਤੇ)

## ਮਹਿੰਗਾਈ ਰੋਕਣ ਲਈ ਜ਼ਖ਼ੀਰੇਬਾਜਾਂ ਤੇ ਸਮੱਗਲਰਾਂ ਦੀ ਪੁਸ਼ਤਪਨਾਹੀ ਕਰਨ ਵਾਲੇ ਕਾਬੂ ਕਰੋ-ਮਾਨ

ਚੰਡੀਗੜ੍ਹ,15 ਜਨਵਰੀ (ਸ.ਰ.)-ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਆਪਣੀ ਪਾਰਟੀ ਦੇ ਮੁੱਖ ਦਫਤਰ ਤੋਂ ਆਪਣੇ ਦਸਤਖਤਾਂ ਹੇਠ ਜਾਰੀ ਕੀਤੇ ਇੱਕ ਬਿਆਨ ਵਿੱਚ ਕਰਨ ਵਾਲੇ ਸਿਆਸਤਦਾਨਾਂ ਤੇ ਉੱਚ ਅਫਸਰਸ਼ਾਹੀ ਨੂੰ ਕਾਬੂ ਕੀਤੇ ਬਿਨਾਂ, ਡਾ. ਮਨਮੋਹਨ ਸਿੰਘ ਵਜੀਰ-ਏ-ਆਜ਼ਮ ਹਿੰਦ ਵੱਲੋਂ ਦਿਨੋਂ-ਦਿਨ ਵੱਧਦੀ ਜਾ ਰਹੀ ਮਹਿੰਗਾਈ ਨੂੰ ਰੋਕਣ ਦੀ ਗੱਲ ਕਰਨਾ ਕੇਵਲ ਘੁੱਪ ਹਨ੍ਹੇਰੇ ਵਿੱਚ ਕਾਲੀ ਬਿੱਲੀ ਫੜਨ ਦੇ ਹੀ ਤੁੱਲ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਸੈਂਟਰ ਦੀ ਹਕੂਮਤ ਮੁਲਕ ਤੇ ਸੂਬਿਆਂ ਦੇ ਚੌਕਸੀ ਵਿਭਾਗ ਛੋਟੀ-ਮੋਟੀ ਗੈਰ ਮਗਰਮਛ, ਬੋਫਰਜ਼, ਘੋਟਾਲੇ, ਪੰਜਾਬ ਦੇ ਭੂ ਮਾਫੀਆ ਦੇ ਸਰਗਨੇ ਮੌਜੂਦ ਗਵਰਨਰ ਪੰਜਾਬ, ਜਨਰਲ ਦੀਪਕ ਕਪੂਰ ਵਰਗੇ ਫੌਜੀ ਵਸਤਾਂ ਦੀ ਖਰੀਦੋ ਫਰੋਖਤ ਕਰਦੇ ਸਮੇਂ ਵੱਡੇ ਘੋਟਾਲੇ ਕਰਨ ਵਾਲੇ ਰਿਸ਼ਵਤਖੋਰ ਸ. ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ, ਮਾਤਾ ਸੁਰਿੰਦਰ ਕੌਰ ਬਾਦਲ, ਕੈਪਟਨ ਅਮਰਿੰਦਰ ਸਿੰਘ, ਬੀਬੀ ਭੱਠਲ ਜੋ ਅੱਜ ਅਦਾਲਤ ਦੇ ਕਟਹਿਰਿਆਂ ਵਿੱਚ ਖੜ੍ਹੇ ਹਨ। ਅਜਿਹੇ ਵੱਡੇ ਮੁਰਗਿਆਂ ਨੂੰ ਕਾਨੂੰਨ ਤੇ ਚੌਕਸੀ ਵਿਭਾਗ ਪਹਿਲੇ ਤਾਂ ਹੱਥ ਹੀ ਨਹੀਂ ਪਾਉਂਦਾ। ਜੇਕਰ ਅਵਾਮ ਦੀ ਉੱਠ ਰਹੀ ਇਨਸਾਫ ਵਾਲੀ ਆਵਾਜ਼ ਅੱਗੇ ਝੁਕ ਕੇ ਹਕੂਮਤਾਂ ਤੇ ਸਿਆਸਤਦਾਨਾਂ ਵੱਲੋਂ ਅਜਿਹੇ ਵੱਡੇ ਜਖੀਰੇਬਾਜਾਂ, ਸਮੱਗਲਰਾਂ, ਗੈਰ-ਕਾਨੂੰਨੀ ਧੰਦਿਆਂ ਵਿੱਚ ਸ਼ਾਮਲ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕਰਨ ਦੀ ਗੱਲ ਸਾਹਮਣੇ ਆਉਂਦੀ ਹੈ, ਤਾਂ ਉਨ੍ਹਾਂ ਨੂੰ ਚੋਰ ਦਰਵਾਜ਼ਿਓਂ ਕਾਨੂੰਨੀ ਮਾਰ ਤੋਂ ਬਚਾਉਣ ਲਈ ਸਾਜਿਸ਼ਾਂ ਸ਼ੁਰੂ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਮੁਲਕ ਵਿੱਚ ਅਫਰਾ-ਤਫਰੀ ਫੈਲਾਉਣ ਤੇ ਵੱਧਦੀ ਜਾ ਰਹੀ ਮਹਿੰਗਾਈ ਲਈ ਅਜਿਹੇ ਲੋਕ ਹੀ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਇਸ ਗੱਲ ਤੇ ਬਹੁਤ ਹੈਰਾਨੀ ਤੇ ਦੁੱਖ ਪ੍ਰਗਟ ਕੀਤਾ ਕਿ ਆਰ.ਟੀ.ਆਈ.ਐਕਟ ਨੂੰ ਸਭ ਉੱਚ ਅਹੁਦਿਆਂ ਉੱਤੇ ਬਰਾਬਰ ਨਾ ਲਾਗੂ ਕਰਕੇ ਮੁਲਕ ਦੀ ਰਿਪਬਲੀਕਨ ਅਧਿਕਾਰਾਂ ਦਾ ਮੌਜੂ ਉਡਾਇਆ ਜਾਂਦਾ ਹੈ, ਜਦੋਂਕਿ ਇਹ ਆਰ.ਟੀ.ਆਈ. ਐਕਟ ਸਮੁੱਚੇ ਮੁਲਕ ਵਿੱਚ ਸਮੁੱਚੇ ਉੱਚ-ਅਹੁਦਿਆਂ ਉੱਤੇ ਵੀ ਉਸੇ ਤਰ੍ਹਾਂ ਲਾਗੂ ਹੋਣਾ ਚਾਹੀਦਾ ਹੈ। ਉਨ੍ਹਾਂ ਆਪਣੇ ਬਿਆਨ ਦੇ ਅੰਤ ਵਿੱਚ ਕਿਹਾ ਕਿ ਜਦੋਂ ਹਰਿਆਣੇ ਦੇ ਸਾਬਕਾ ਡੀ.ਜੀ.ਪੀ.ਰਾਠੌਰ ਵੱਲੋਂ ਗੈਰ-ਕਾਨੂੰਨੀ ਤੇ ਗੈਰ-ਇਖਲਾਕੀ ਕੀਤੀ ਗਈ ਕਾਰਵਾਈ ਉਪਰੰਤ ਉਸ ਦੇ ਸਨਮਾਨ ਮੈਡਲ ਵਾਪਸ ਲਏ ਜਾ ਰਹੇ ਹਨ ਤਾਂ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸ੍ਰੀ ਕੇ.ਪੀ.ਐੱਸ.ਗਿੱਲ ਜਿਨ੍ਹਾਂ ਉੱਤੇ ਇਕ ਸੀਨੀਅਰ ਆਈ.ਏ.ਐੱਸ.ਬੀਬੀ ਰੂਪਨ ਦਿਓਲ ਬਜਾਜ ਵੀ ਤੁਰੰਤ ਵਾਪਸ ਲਿਆ ਜਾਵੇ ਤਾਂ ਜਿਨ੍ਹਾਂ ਪੁਲਿਸ ਅਫਸਰਾਂ ਨੇ ਬੀਤੇ ਸਮੇਂ ਵਿੱਚ ਪੰਜਾਬ ਵਿੱਚ ਆਪਣੇ ਅਧਿਕਾਰਾਂ ਤੇ ਮਾਲਕ ਦੇ ਕਾਨੂੰਨ ਦੀਆਂ ਹੱਦਾਂ ਟੱਪ ਕੇ ਅਣਮਨੁੱਖੀ ਤੇ ਗੈਰ-ਕਾਨੂੰਨੀ ਤਰੀਕੇ ਸਿੱਖ ਕੌਮ ਦਾ ਕਤਲੇਆਮ ਕਰਕੇ ਤਰੱਕੀਆਂ ਲਈਆਂ ਹਨ ਤੇ ਆਪਣੀ ਹੈਸੀਅਤ ਤੋਂ ਵੱਧ ਜਾਇਦਾਦਾਂ ਦੇ ਭੰਡਾਰ ਇੱਕਠੇ ਕੀਤੇ ਹਨ, ਉਨ੍ਹਾਂ ਦੀਆਂ ਕੀਤੀਆਂ ਗਈਆਂ ਤਰੱਕੀਆਂ ਨੂੰ ਤੁਰੰਤ ਮਨਸੂਖ ਕੀਤਾ ਜਾਵੇ।

## ਰਾਗੀ ਦਰਸ਼ਨ ਸਿੰਘ ਦੇ ਸਮਾਗਮ ਨੂੰ ਲੈ ਕੇ ਸਿੱਖ ਜਥੇਬੰਦੀਆਂ 'ਚ ਰੋਹ

ਗੜ੍ਹਸ਼ੰਕਰ 15 ਜਨਵਰੀ (ਰਮਨਦੀਪ ਸਿੰਘ ਅਰੋੜਾ)-ਅੱਜ ਇਥੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਐਸ ਡੀ ਐਮ ਗੜ੍ਹਸ਼ੰਕਰ ਨੂੰ ਮੰਗ ਪੱਤਰ ਦਿੱਤਾ। ਜਿਸ 'ਚ ਜਥੇਬੰਦਕ ਆਗੂਆਂ ਨੇ ਸਥਾਨਕ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਰਾਗੀ ਦਰਸ਼ਨ ਸਿੰਘ ਜਿਸ ਨੂੰ ਕਿ ਸਾਹਿਬ ਸ੍ਰੀ ਅਕਾਲ ਤੱਖਤ ਸਾਹਿਬ ਵਲੋਂ ਇਸ ਦੇ ਪ੍ਰੋਗਰਾਮਾਂ ਤੇ ਪੂਰਨ ਤੋਰ ਤੇ ਪਾਬੰਦੀ ਲਗਾਈ ਗਈ ਹੈ ਪਰ ਕੁਝ ਸ਼ਰਾਰਤੀ ਅਨਸਰਾਂ ਵਲੋਂ ਪਿੰਡ ਇਬਰਾਹੀਮਪੁਰ ਵਿਖੇ 17 ਜਨਵਰੀ ਨੂੰ ਪ੍ਰੋ ਦਰਸ਼ਨ ਸਿੰਘ ਦਾ (ਬਾਕੀ ਸਫਾ 2 'ਤੇ)

## ਹੈਤੀ ਨੂੰ 10 ਕਰੋੜ ਡਾਲਰ ਦੀ ਸਹਾਇਤਾ ਦੇਵੇਗਾ ਅਮਰੀਕਾ

ਵਾਸ਼ਿੰਗਟਨ, 15 ਜਨਵਰੀ (ਵਿਸ਼ਵ ਵਾਰਤਾ)-ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸ਼ਕਤੀਸ਼ਾਲੀ ਭੂਚਾਲ ਨਾਲ ਬੇਹਾਲ ਹੋਏ ਕੈਰੇਬਿਆਈ ਦੇਸ਼ ਹੈਤੀ ਲਈ 10 ਕਰੋੜ ਡਾਲਰ ਦੀ ਸਹਾਇਤਾ ਰਾਸ਼ੀ ਦਾ ਐਲਾਨ ਕੀਤਾ ਹੈ। ਸਮਾਚਾਰ ਏਜੰਸੀ ਡੀ.ਪੀ.ਏ. ਅਨੁਸਾਰ ਓਬਾਮਾ ਨੇ ਇਸ ਕੁਦਰਤੀ ਕਰੋਪੀ ਨੂੰ ਕਾਫੀ ਡਰਾਵਨਾ ਕਰਾਰ ਦਿੰਦਿਆਂ ਕਿਹਾ ਹੈ ਕਿ ਸਾਡੇ ਵੱਲੋਂ ਹੈਤੀ ਲਈ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੈਤੀ ਦੇ ਲੋਕਾ ਨੂੰ ਭੋਜਨ, ਪਾਣੀ ਅਤੇ ਦਵਾਈਆਂ ਮੁਹੱਈਆ ਕਰਾਉਣ ਲਈ 10 ਕਰੋੜ ਡਾਲਰ ਦੀ ਸਹਾਇਤਾ ਦਿੱਤੀ ਜਾਵੇਗੀ। ਵਰਣਨਯੋਗ ਹੈ ਕਿ ਹੈਤੀ ਵਿਚ ਮੰਗਲਵਾਰ ਨੂੰ ਆਏ ਸ਼ਕਤੀਸ਼ਾਲੀ ਭੂਚਾਲ ਵਿਚ ਕਈ ਹਜ਼ਾਰ ਲੋਕਾਂ ਦੀ ਮੌਤ ਹੋ ਗਈ ਤੇ ਉਥੇ ਕਈ ਘਰਾਂ ਤੇ ਇਮਾਰਤਾਂ ਨੂੰ ਵੀ ਕਾਫੀ ਨੁਕਸਾਨ ਪੁੱਜਾ ਹੈ।

## ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਸੁਖਬੀਰ ਵਲੋਂ ਜ਼ਿਲਾਵਾਰ ਅਬਜ਼ਰਵਰ ਨਿਯੁਕਤ

ਚੰਡੀਗੜ੍ਹ 15 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਜਥੇਬੰਦੀ ਨੂੰ ਮਜਬੂਤ ਕਰਨ ਵਾਸਤੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਆਬਜ਼ਰਵਰ ਨਿਯੁਕਤ ਕਰ ਦਿੱਤੇ ਹਨ। ਇਹ ਅਬਜ਼ਰਵਰ ਇਨ੍ਹਾਂ ਜ਼ਿਲਿਆਂ ਵਿੱਚ ਪਾਰਟੀ ਜਥੇਬੰਦੀ ਨੂੰ ਮਜਬੂਤ ਕਰਨ ਅਤੇ ਪਾਰਟੀ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੱਲ ਤੋਂ ਹੀ ਆਪੋ-ਆਪਣਾ ਕੰਮ ਸ਼ੁਰੂ ਕਰ ਦੇਣਗੇ। ਅੱਜ ਪਾਰਟੀ ਦੇ ਮੁੱਖ ਦਫ਼ਤਰ ਤੋਂ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਕੁੱਲ 21 ਨੇਤਾਵਾਂ ਨੂੰ ਪਾਰਟੀ ਅਬਜ਼ਰਵਰ (ਬਾਕੀ ਸਫਾ 2 'ਤੇ)

## ਹੁਣ ਪ੍ਰਾਈਵੇਟ ਬੱਸਾਂ 'ਚ ਵੀ ਚੱਲਣਗੇ ਪਾਸ

ਚੰਡੀਗੜ੍ਹ, 15 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿੱਚ ਸਟੂਡੈਂਟਾਂ ਨੂੰ ਜਲਦ ਹੀ ਪ੍ਰਾਈਵੇਟ ਬੱਸਾਂ ਵਿੱਚ ਵੀ ਸਫਰ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਹੁਣ ਪੰਜਾਬ ਰੋਡਵੇਜ਼ ਵਿੱਚ ਚੱਲਣ ਵਾਲੇ ਸਟੂਡੈਂਟਾਂ ਦੇ ਪਾਸ ਪ੍ਰਾਈਵੇਟ ਬੱਸਾਂ ਵਿੱਚ ਵੀ ਚੱਲਿਆ ਕਰਨਗੇ। ਪੰਜਾਬ ਰਾਜ ਦੀ ਰੀਜ਼ਨਲ ਟਰਾਂਸਪੋਰਟ ਅਥਾਰਟੀ ਦੇ ਸਕੱਤਰ ਭੁਪਿੰਦਰ ਸਿੰਘ ਗਿੱਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਰਿਟ ਪਟੀਸ਼ਨ ਦੀ ਸੁਣਵਾਈ ਦੇ ਦੌਰਾਨ ਇਹ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ। ਹਾਈ ਕੋਰਟ ਵੱਲੋਂ ਆਰ.ਟੀ.ਈ. ਵੱਲੋਂ ਦਿੱਤੇ ਇਹ ਹਲਫਨਾਮੇ ਵਿੱਚ ਕਿਹਾ ਹੈ ਕਿ ਪ੍ਰਾਈਵੇਟ ਬੱਸਾਂ ਵਿੱਚ ਵਿਦਿਆਰਥੀਆਂ ਨੂੰ ਸਰਕਾਰੀ ਪਾਸ ਦੀ ਸਹੂਲਤ ਪ੍ਰਦਾਨ ਕਰਨ ਨੂੰ ਲੈ ਕੇ ਪੰਜਾਬ ਸਰਕਾਰ ਨੇ ਇੱਕ ਕਮੇਟੀ ਬਣਾਈ ਸੀ। 3 ਦਸੰਬਰ ਨੂੰ ਸਟੇਟ ਟਰਾਂਸਪੋਰਟ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਦੀ ਮੀਟਿੰਗ ਸੱਦੀ ਗਈ, ਜਿਸ ਵਿੱਚ ਪ੍ਰਾਈਵੇਟ ਬੱਸ (ਬਾਕੀ ਸਫਾ 2 'ਤੇ)

## ਸੂਰਜ ਗ੍ਰਹਿਣ 'ਤੇ ਸ਼ਰਧਾਲੂਆਂ ਨੇ ਲਗਾਈ ਡੁਬਕੀ

**☛ਸੂਰਜ ਗ੍ਰਹਿਣ 6 ਘੰਟੇ ਤੋਂ ਵੱਧ ਚੱਲਿਆ ☛ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਦੇਖਿਆ ਕਿ ਸੂਰਜ ਗ੍ਰਹਿਣ**

ਚੰਡੀਗੜ੍ਹ, 15 ਜਨਵਰੀ (ਵਿਸ਼ਵ ਵਾਰਤਾ/ਹਰੀਸ਼ ਚੰਦਰ ਬਾਗਾਵਾਲਾ)-ਦੇਸ਼ ਵਿਚ ਇਸ ਸਾਲ ਦਾ ਪਹਿਲਾ ਕੰਕਨ ਖੰਡਗ੍ਰਾਸ ਸੂਰਜ ਗ੍ਰਹਿਣ ਅੱਜ ਦੇਖਣ ਨੂੰ ਮਿਲਿਆ। ਇਹ ਗ੍ਰਹਿਣ ਭਾਰਤੀ ਸਮੇਂ ਅਨੁਸਾਰ ਸਵੇਰੇ 9:35 ਮਿੰਟ 'ਤੇ ਸ਼ੁਰੂ ਹੋਇਆ ਅਤੇ 3:38 ਮਿੰਟ ਤੱਕ ਅਰਥਾਤ ਗ੍ਰਹਿਣ 6 ਘੰਟੇ ਤੋਂ ਵੱਧ ਚੱਲਿਆ। ਸੂਤਰਾਂ ਅਨੁਸਾਰ ਦਸ਼ ਦ ਵੱਖ-ਵੱਖ ਭਾਗਾਂ ਵਿਚ ਦੇਖਿਆ ਗਿਆ ਪਰ ਕਿਤੇ-ਕਿਤੇ ਬੱਦਲਾਂ ਦੇ ਕਾਰਨ ਦਿਖਾਈ ਨਹੀਂ ਦਿੱਤਾ। ਇਹ ਗ੍ਰਹਿਣ ਮਕਰ ਰਾਸ਼ੀ ਅਤੇ ਉਤਰ ਸਾਡਾ ਨਛੱਤਰ ਵਿਚ ਲੱਗਣ ਕਾਰਨ ਇਸ ਰਾਸ਼ੀ ਵਾਲਿਆਂ ਅਤੇ ਨਛੱਤਰ ਨਾਲ ਸਬੰਧਤ ਲੋਕਾਂ (ਬਾਕੀ ਸਫਾ 2 'ਤੇ)

## ਮਾਇਆਵਤੀ ਨੇ ਸਾਦਗੀ ਨਾਲ ਮਨਾਇਆ 54ਵਾਂ ਜਨਮ ਦਿਨ

ਲਖਨਊ, 15 ਜਨਵਰੀ (ਵਿਸ਼ਵ ਵਾਰਤਾ)-ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਅੱਜ ਆਪਣਾ 54ਵਾਂ ਜਨਮ ਦਿਨ ਮਨਾਇਆ ਅਤੇ ਇਸ ਮੌਕੇ 'ਤੇ 7312 ਕਰੋੜ ਰੁਪਏ ਦੀ 264 ਵਿਕਾਸ ਯੋਜਨਾਵਾਂ ਦਾ ਐਲਾਨ ਕੀਤਾ। ਇਸ ਦੌਰਾਨ ਗਰੀਬਾਂ ਲਈ ਇੱਕ ਵਿਸ਼ੇਸ਼ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਮੁੱਖ ਮੰਤਰੀ ਰਿਹਾਇਸ਼ 'ਤੇ ਆਯੋਜਿਤ ਇੱਕ ਸਾਦੇ ਸਮਾਰੋਹ ਵਿੱਚ ਮੁੱਖ ਮੰਤਰੀ ਨੇ ਗਰੀਬਾਂ ਲਈ ਉਤਰ ਪ੍ਰਦੇਸ਼ ਮੁੱਖ ਮੰਤਰੀ ਮਹਾ-ਮਾਇਆ ਗਰੀਬ ਆਰਥਿਕ ਮਦਦ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਯੋਜਨਾ ਵਿੱਚ ਗਰੀਬ ਵਰਗ ਦੇ ਉਹਨਾਂ ਲੋਕਾਂ ਨੂੰ ਸ਼ਾਮਲ ਕੀਤਾ ਜਾਵੇਗਾ ਜੋ ਬੀ.ਪੀ.ਐਲ. ਦੇ ਲਾਭ ਦਾਇਰੇ ਵਿੱਚ ਨਹੀਂ ਆਉਂਦੇ ਹਨ। ਯੋਜਨਾ ਤਹਿਤ ਹਰੇਕ ਗਰੀਬ ਪਰਿਵਾਰ ਨੂੰ ਪ੍ਰਤੀ ਮਹੀਨੇ 300 ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਰੁਚਿਕਾ ਮਾਮਲਾ: ਸੀ.ਬੀ.ਆਈ. ਨੇ ਪੁੱਛਗਿੱਛ ਸ਼ੁਰੂ ਕੀਤੀ

ਚੰਡੀਗੜ੍ਹ, 15 ਜਨਵਰੀ (ਵਿਸ਼ਵ ਵਾਰਤਾ)-ਸੀ.ਬੀ.ਆਈ. ਨੇ ਅੱਜ ਰੁਚਿਕਾ ਗਿਰਹੋਤਰਾ ਦੇ ਪਿਤਾ ਅਤੇ ਇਸ ਮਾਮਲੇ ਨਾਲ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਜੁੜੇ ਸਾਰੇ ਲੋਕਾਂ ਤੋਂ ਰਸਮੀ ਤੌਰ 'ਤੇ ਪੁੱਛਗਿੱਛ ਕੀਤੀ। ਵਿਸ਼ੇਸ਼ ਅਪਰਾਧ ਸ਼ਾਖਾ ਨਵੀਂ ਦਿੱਲੀ ਦੀ ਸੀ.ਬੀ.ਆਈ. ਟੀਮ ਨੇ ਇੱਥੇ ਸੈਕਟਰ 18 ਵਿੱਚ ਆਪਣੇ ਕੈਂਪ ਆਫਿਸ ਵਿੱਚ ਰੁਚਿਕਾ ਦੀ ਇੱਕ ਮਾਤਰ ਗਵਾਹ ਅਰਾਧਨਾ ਦੇ ਪਿਤਾ ਆਨੰਦ ਪ੍ਰਕਾਸ਼ ਤੋਂ ਪੁੱਛਗਿੱਛ ਕੀਤੀ। ਜ਼ਿਕਰਯੋਗ ਹੈ ਕਿ ਆਨੰਦ ਪ੍ਰਕਾਸ਼ ਉਸ ਮਾਮਲੇ ਦੀ ਸ਼ਿਕਾਇਤ-ਕਰਤਾ ਮਧੂ ਪ੍ਰਕਾਸ਼ ਦੇ ਪਤੀ ਹਨ ਜਿਸ ਵਿੱਚ ਸੀ.ਬੀ.ਆਈ. ਦੀ ਇੱਕ ਅਦਾਲਤ ਨੇ ਹੁਣੇ ਹੀ ਹਰਿਆਣਾ ਪੁਲਿਸ ਦੇ ਸਾਬਕਾ ਡੀ.ਜੀ.ਪੀ., ਐਸ.ਪੀ.ਐਸ. ਰਾਠੌਰ ਨੂੰ 6 ਮਹੀਨੇ ਦੀ ਸਜ਼ਾ ਸੁਣਾਈ ਸੀ ਅਤੇ 1000 ਰੁਪਏ ਹਰਜਾਨੇ ਦੇ ਤੌਰ 'ਤੇ ਦੇਣ ਨੂੰ ਵੀ ਕਿਹਾ ਸੀ। ਆਨੰਦ ਪ੍ਰਕਾਸ਼ ਨੇ ਦੱਸਿਆ ਕਿ ਸੀ.ਬੀ.ਆਈ. ਦੀ ਟੀਮ ਨੇ ਮਾਮਲੇ ਤੋਂ ਵਾਕਿਫ਼ ਹੋਣ ਲਈ ਉਹਨਾਂ ਨੂੰ ਬੁਲਾਇਆ ਸੀ। ਉਹਨਾਂ ਕਿਹਾ-ਪਰ ਮੈਂ ਸੀ.ਬੀ.ਆਈ. ਟੀਮ ਨੂੰ ਦੇਣ ਲਈ ਆਪਣੇ ਨਾਲ ਰਿਕਾਰਡ ਵੀ ਲੈ ਜਾਵਾਂਗਾ ਅਤੇ ਲੱਗਦਾ ਹੈ ਕਿ ਟੀਮ ਮੇਰਾ ਬਿਆਨ ਵੀ ਲਵੇ। ਅਰਾਧਨਾ ਨੇ ਕਿਹਾ ਕਿ ਉਸ ਨੂੰ ਸੀ.ਬੀ.ਆਈ. (ਬਾਕੀ ਸਫਾ 2 'ਤੇ)

**ਮੁਕਤਸਰ ਦੇ ਪੱਤਰਕਾਰ**

ਅਦਾਰਾ 'ਅੱਜ ਦੀ ਆਵਾਜ਼' ਵੱਲੋਂ ਸਪੱਸ਼ਟ ਕੀਤਾ ਜਾਂਦਾ ਹੈ ਕਿ ਮੁਕਤਸਰ ਤੋਂ ਸ. ਬਲਜੀਤ ਸਿੰਘ ਸੰਧੂ ਅਤੇ ਸੁਰੇਸ਼ ਗਰਗ ਹੀ 'ਅੱਜ ਦੀ ਆਵਾਜ਼' ਦੇ ਪੱਤਰਕਾਰ ਹਨ। ਮੁਕਤਸਰ ਜ਼ਿਲ੍ਹੇ ਦੇ ਖਾਲ੍ਹੀ ਸਟੇਸ਼ਨਾ ਤੋਂ ਨਵੇਂ ਪੱਤਰਕਾਰਾਂ ਦੀ ਜ਼ਰੂਰਤ ਹੈ ਯੋਗਤਾ ਅਤੇ ਤਜ਼ਰਬੇਕਾਰ ਪੱਤਰਕਾਰ ਕਿਸੇ ਵੀ ਕੰਮਕਾਜ ਵਾਲੇ ਦਿਨ ਫੋਨ ਨੰਬਰ 0181-4626370,93170-06161 'ਤੇ ਸੰਪਰਕ ਕਰਨ।
-ਮੈਨੇਜਰ

**ਫੋਕਸ**

## ਸਿੱਖ ਪੰਥ 'ਚ ਵਿਵਾਦਾਂ ਦਾ ਦੌਰ ਤੇ ਸਿਆਸੀ ਮੁਫ਼ਾਦ


ਜਰਮਨੀ ਤੋਂ
ਬਸੰਤ ਸਿੰਘ ਰਾਮੂਵਾਲੀਆ
ਵਿਸ਼ੇਸ਼ ਪ੍ਰਤੀਨਿਧ ਰੋਜ਼ਾਨਾ 'ਅਜੀਤ' ਜਲੰਧਰ

ਸਿੱਖ ਪੰਥ 'ਚ ਧਾਰਮਿਕ ਮਸਲਿਆਂ ਨੂੰ ਲੈ ਕੇ ਆਪਸੀ ਵਿਰੋਧ ਦੀਆਂ ਉੱਚੀਆਂ ਉਠ ਰਹੀਆਂ, ਖਰਵੀਆਂ, ਕੌੜੀਆਂ ਤੇ ਤਿੱਖੀਆਂ ਸੁਰਾਂ ਸੰਸਾਰ ਦੇ ਲੋਕਾਂ ਸਾਹਮਣੇ ਸਿੱਖਾਂ ਦੇ ਸਹਿਣਸ਼ੀਲਤਾ ਤੇ ਨਿਮਰਤਾ ਵਾਲੇ ਗੁਣਾਂ ਦਾ ਸਿਰ ਨੀਵਾਂ ਕਰ ਰਹੀਆਂ ਹਨ। ਹਰ ਕੌਮ ਤੇ ਸਮਾਜ ਵਿੱਚ ਅੰਦਰੂਨੀ ਵਿਵਾਦ ਪੈਦਾ ਹੁੰਦੇ ਰਹਿੰਦੇ ਹਨ ਤੇ ਉਨ੍ਹਾਂ ਦਾ ਸਰਬ ਪ੍ਰਵਾਨਿਤ ਹੱਲ ਵੀ ਆਗੂ ਆਪਣੀ ਦੂਰ-ਅੰਦੇਸ਼ ਸੋਚ ਨਾਲ ਕੱਢ ਹੀ ਲੈਂਦੇ ਹਨ। ਪਿਛਲੇ ਸਮੇਂ ਤੋਂ ਸਿੱਖ ਕੌਮ ਜਿਸ ਦੌਰ 'ਚੋਂ ਲੰਘ ਰਹੀ ਹੈ, ਉਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਬਜਾਏ ਸਿੱਖ ਆਗੂਆਂ ਨੇ ਆਪਣੀ ਰਾਜਸੀ ਪੈਂਠ ਦੀ ਠਾਠ ਬਣਾਈ ਰੱਖਣ ਨੂੰ ਪਹਿਲ ਦਿੱਤੀ ਹੈ। ਜੇਕਰ ਕਿਸੇ ਸਿਆਸੀ ਨਫ਼ੇ-ਨੁਕਸਾਨ ਤੋਂ ਪਰ੍ਹੇ ਹੋ ਕੇ ਨਿੱਗਰ,ਫੈਸਲਾ ਲਿਆ ਜਾਂਦਾ ਤਾਂ ਅਜੋਕੀ ਸਥਿਤੀ ਨਾਲ ਮੱਥਾ ਨਾ ਲੱਗਦਾ। ਵਿਦੇਸ਼ ਵਿੱਚ ਵੱਸਦਾ ਸਿੱਖ ਆਪਣੀ ਕਰਮ ਭੂਮੀ ਪੰਜਾਬ ਤੋਂ ਆਉਂਦੀਆਂ ਵਿਵਾਦਪੂਰਨ ਖ਼ਬਰਾਂ ਬਾਰੇ ਡੂੰਘਾ ਚਿੰਤਤ ਹੈ। ਸਿੱਖ ਵਿਦਵਾਨ ਤੇ ਧਾਰਮਿਕ ਸ਼ਖ਼ਸੀਅਤਾਂ ਕਿਸੇ ਸਿਆਸੀ ਆਦੇਸ਼ ਦੀ ਪ੍ਰਵਾਹ ਨਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਬਿਆ ਬੈਠ ਧਾਰਮਿਕ ਮਸਲਿਆਂ ਦਾ ਇਕਸੁਰਤਾ, ਇਕਜੁਟਤਾ ਨਾਲ ਸਰਬ-ਪ੍ਰਵਾਨਿਤ ਫੈਸਲਾ ਲੈਣ ਤੇ ਸਿੱਖ ਕੌਮ ਨੂੰ ਫੁੱਟ ਤੋਂ ਬਚਾਉਣ ਦੀ ਜੁਰਅਤ ਕਰਨ।

ਸਿੱਖ ਪੰਥ ਨੂੰ ਢਾਅ ਲਾਉਣ ਲਈ ਪਹਿਲਾਂ ਹੀ ਨਕਲੀ ਗੁਰੂਡੰਮ ਸਰਗਰਮ ਹੈ। ਜ਼ਿੰਮੇਵਾਰਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਸੰਬੰਧੀ ਜੋ ਕਾਹਲਪੁਣੇ 'ਚ ਭੂਮਿਕਾ ਨਿਭਾਈ ਗਈ ਹੈ, ਇਹ ਜ਼ਿੰਮੇਵਾਰੀ ਦਾ ਕੱਦ ਨੀਵਾਂ ਕਰਦੀ ਹੈ। ਅਸਲੀ ਮੁੱਦੇ ਤੋਂ ਦੂਰ ਜਾਣ 'ਤੇ ਇਸ ਨੂੰ ਟਾਲਣ ਲਈ ਦੂਜਿਆਂ ਨੂੰ ਕਿਸੇ ਦਾ ਹੱਥ-ਠੋਕਾ ਤੇ ਗਦਾਰ ਗਰਦਾਨ ਕੇ ਆਪਣੇ ਫਰਜ਼ਾਂ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਪਹਿਲੀ ਵਾਰ ਹੋਇਆ ਹੈ ਕਿ ਸਿੱਖਾਂ ਦੀ ਸਰਬ ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਜਨਰਲ ਸਕੱਤਰ ਨੂੰ ਅਹਿਮ ਮੁੱਦੇ ਸੰਬੰਧੀ ਭਰੋਸੇ 'ਚ ਨਾ ਲੈਣਾ ਤੇ ਜਰਨਲ ਸਕੱਤਰ ਵੱਲੋਂ ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਦੇ ਗੁਪਤ ਖਰੜੇ ਬਾਰੇ ਰੋਸ ਦਾ ਪ੍ਰਗਟਾਵਾ ਕਰਦਿਆਂ ਬੈਠਕ ਵਿੱਚੋਂ ਉੱਠ ਕੇ ਚੱਲੇ ਜਾਣਾ ਕਈ ਸ਼ੰਕਿਆਂ ਤੇ ਸਵਾਲਾਂ ਦੀ ਚਰਚਾ ਛੇੜ ਗਿਆ ਹੈ। ਇਹ ਕਿਸੇ ਇੱਕ ਧਿਰ ਦੀ ਨਿੱਜੀ ਗੱਲ ਨਹੀਂ ਸੀ, ਸਗੋਂ ਸਮੂਹ ਸਿੱਖ ਪੰਥ ਦਾ ਕੌਮੀ ਮਸਲਾ ਸੀ। ਕੈਲੰਡਰ 'ਚ ਜੇ ਕੋਈ ਸੋਧ ਦੀ ਜ਼ਰੂਰਤ ਸੀ, ਉਸ ਬਾਰੇ ਸ੍ਰ. ਪੁਰੇਵਾਲ ਸਮੇਤ ਕੁਝ ਹੋਰ ਵਿਦਵਾਨਾਂ ਦੀ ਕਮੇਟੀ ਬਣਾ ਕੇ ਸਰਬ ਪ੍ਰਵਾਨਿਤ ਰਾਇ ਬਣਾਉਣੀ ਜ਼ਰੂਰੀ ਸੀ। ਇਹ ਫਤਵੇ ਵਰਗਾ ਲਿਆ ਗਿਆ, ਫੈਸਲਾ ਇੱਕ ਨਵੀਂ ਬਹਿਸ ਛੇੜ ਗਿਆ ਹੈ। ਉਕਤ ਫੈਸਲੇ ਨਾਲ ਪੰਥਕ ਏਕਤਾ ਮਜ਼ਬੂਤ ਹੋਈ ਆਖਿਆ ਤੇ ਪ੍ਰਚਾਰਿਆ ਜਾ ਰਿਹਾ ਹੈ, ਪਰ ਹਕੀਕਤ 'ਚ ਦੋ ਰਾਵਾਂ ਤੇ ਦੋ ਪੱਖ ਅਜੇ ਵੀ ਕਾਇਮ ਹਨ। ਇੱਕ ਦੂਜੇ ਨੂੰ ਨੀਵਾਂ ਵਿਖਾਉਣ, ਧੌਂਸ ਦੇਣ ਤੇ ਨਜ਼ਰ ਅੰਦਾਜ਼ ਕਰਨ ਵਾਲੀ ਨੀਤੀ ਕੌਮ ਦੇ ਹਿੱਤਾਂ 'ਚ ਨਹੀਂ ਹੈ। ਸਟੇਜਾਂ ਉੱਤੇ ਪੰਥਕ ਆਗੂ ਏਕਤਾ ਦੇ ਮੁੱਦੇ ਨੂੰ ਉਭਾਰਦੇ ਤੇ ਪ੍ਰਚਾਰਦੇ ਤਾਂ ਜ਼ਰੂਰ ਹਨ, ਪਰ ਕਾਰਜ ਮਤਭੇਦ ਵਧਾਉਣ ਵਾਲੇ ਕਰ ਜਾਂਦੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ (ਬਾਕੀ ਸਫਾ 2 'ਤੇ)

## ਮਮਤਾ ਪੱਛਮੀ ਬੰਗਾਲ ਵਿੱਚ ਸਾਡੀਆਂ ਜੜ੍ਹਾਂ ਵੱਢ ਰਹੀ ਹੈ-ਕਰਾਤ

ਚੰਡੀਗੜ੍ਹ, 15 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਤ੍ਰਿਣਾਮੂਲ ਕਾਂਗਰਸ ਮਾਓਵਾਦੀਆਂ ਦੇ ਸਹਿਯੋਗ ਨਾਲ ਸੀ.ਪੀ. ਐੱਮ. ਦੇ ਕਾਡਰ ਨੂੰ ਖਤਮ ਕਰਨ 'ਤੇ ਤੁੱਲੀ ਹੋਈ ਹੈ। ਇਸ ਸੰਬੰਧੀ ਪ੍ਰਗਟਾਵਾ ਕਰਦਿਆਂ ਸੀ.ਪੀ.ਐੱਮ. ਦੇ ਪੋਲਿਟ ਬਿਊਰੋ ਮੈਂਬਰ ਪ੍ਰਕਾਸ਼ ਕਾਰਤ ਨੇ ਅੱਜ ਇੱਥੇ ਇੱਕ ਪੱਤਰਕਾਰਾਂ ਸੰਮੇਲਨ ਦੌਰਾਨ ਕੀਤਾ। ਸ੍ਰੀ ਕਾਰਤ ਜੋ ਅੱਜ ਇੱਥੇ ਸੂਬਾ ਜਨਰਲ ਬਾਡੀ ਦੀ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣ ਆਏ ਸਨ ਨੇ ਪਾਰਟੀ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮਮਤਾ ਕੇਂਦਰ ਵਿੱਚ ਮੰਤਰੀ ਹੋਣ ਦਾ ਨਜਾਇਜ਼ ਫਾਇਦਾ ਉਠਾ ਰਹੀ ਹੈ। ਉਨ੍ਹਾਂ ਕਿਹਾ ਕਿ ਝਾਰਖੰਡ ਦੇ ਨਾਲ ਲੱਗਦੇ ਪੱਛਮੀ ਬੰਗਾਲ ਦੇ ਤਿੰਨ ਜ਼ਿਲ੍ਹਿਆਂ ਵਿੱਚ ਲੋਕ ਸਭਾ ਚੋਣਾਂ ਪਿੱਛੋਂ ਮਾਓਵਾਦੀਆਂ ਦੀਆਂ ਗਤੀਵਿਧੀਆਂ ਵਿੱਚ ਅਚਾਨਕ ਵਾਧਾ ਹੋਇਆ ਹੈ ਤੇ ਸਾਡੀ ਪਾਰਟੀ ਦੇ ਆਦੀਵਾਸੀ ਕਾਡਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦੋਂ ਕਿ ਮਾਓਵਾਦੀ ਆਪਣੇ ਆਪ ਨੂੰ ਅਦਿਵਾਸੀਆਂ ਦਾ ਰਖਵਾਲਾ ਕਹਾਉਂਦੇ ਹਨ। ਚੀਨ ਵੱਲੋਂ ਭਾਰਤੀ ਸੀਮਾ ਦੀ ਉਲੰਘਣਾ ਕਰਨ ਦੀਆਂ ਖਬਰਾਂ ਸੰਬੰਧੀ ਪੁੱਛੇ ਇੱਕ ਸਵਾਲ 'ਤੇ ਟਿੱਪਣੀ ਕਰਦਿਆਂ ਸ੍ਰੀ ਕਾਰਤ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੀ ਸੀਮਾ ਰੇਖਾ ਨੂੰ ਲੈ ਕੇ ਪਿਛਲੇ ਸਮੇਂ 'ਤੋਂ ਗੱਲਬਾਤ ਚੱਲਦੀ ਆ ਰਹੀ ਹੈ, ਅਸੀਂ ਸੀਮਾ ਵਿਵਾਦ ਦਾ ਜਲਦ ਨਿਪਟਾਰਾ ਚਾਹੁੰਦੇ ਹਾਂ। ਯੂ.ਪੀ.ਏ. ਨੂੰ ਭਵਿੱਖ ਵਿੱਚ ਕਿਸੇ ਕਿਸਮ ਦੇ ਸਮੱਰਥਨ ਦੇਣ ਤੋਂ ਉੱਕਾ ਹੀ ਇਨਕਾਰ ਕਰਦਿਆਂ ਸ੍ਰੀ ਕਰਤ ਨੇ ਕਿਹਾ ਕਿ ਅਸੀਂ ਭਾਜਪਾ ਤੇ ਕਾਂਗਰਸ ਦੋਵਾਂ ਤੋਂ ਹੀ ਬਰਾਬਰ ਦੀ ਦੂਰੀ ਬਣਾਈ ਹੋਈ ਹੈ ਆਸਟਰੇਲੀਆ ਵਿੱਚ ਭਾਰਤੀ ਨੌਜਵਾਨਾਂ 'ਤੇ ਹੋ ਰਹੇ ਹਮਲਿਆਂ ਦੀ ਚਿੰਤਾ ਕਰਦਿਆਂ ਸ੍ਰੀ ਕਾਰਤ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਭਾਰਤ ਸਰਕਾਰ ਵੱਲੋਂ ਸਖਤ ਰੁਖ ਅਪਨਾਇਆ ਜਾਣਾ ਚਾਹੀਦਾ ਹੈ, ਉਨ੍ਹਾਂ ਕੇਂਦਰ ਸਰਕਾਰ 'ਤੇ ਨਰਮ ਰਵੱਈਏ ਦੀ ਨਿੰਦਾ ਕਰਦਿਆਂ ਕਿਹਾ ਕਿ ਇੱਕ ਵਿਸ਼ੇਸ਼ ਕਮੇਟੀ ਇਸ ਸਮੱਸਿਆ ਦੀ (ਬਾਕੀ ਸਫਾ 2 'ਤੇ)